ਲਈ ਅਰਜ਼ੀ ਦਿਉ

# ਕੰਮਕਾਜੀ ਪਰਿਵਾਰ ਭੱਤਾ

ਅਤੇ ਪ੍ਰਾਪਤ ਕਰੋ

## ਵਾਧੂ ਪੈਸੇ

ਤੁਹਾਡੀ ਤਨਖਾਹ ਤੋਂ ਅਲਾਵਾ



ਵੈੱਬਸਾਈਟ
wfa.gov.hk

ਇਲੈਕਟ੍ਰਾਨਿਕ ਸਪੁਰਦਗੀ
wfa.gov.hk/esub

24-ਘੰਟੇ ਦੀ ਹੌਟਲਾਈਨ
2558 3000


**ਕੰਮਕਾਜੀ ਪਰਿਵਾਰ ਭੱਤਾ ਦਫਤਰ**

ਕੰਮਕਾਜੀ ਪਰਿਵਾਰ ਅਤੇ ਵਿਦਿਆਰਥੀ ਵਿੱਤੀ ਸਹਾਇਤਾ ਏਜੰਸੀ

9/F, 181 Hoi Bun Road, Kwun Tong, Kowloon

(Entrance at Tsun Yip Street near Kwun Tong Waterfront)


(April 2025 Punjabi version)

# ਸਕੀਮ ਦੀਆਂ ਮੁੱਖ ਵਿਸ਼ੇਸ਼ਤਾਵਾਂ

ਕੰਮਕਾਜੀ ਪਰਿਵਾਰ ਭੱਤਾ (WFA) ਲਈ ਅਰਜ਼ੀ **ਘਰੇਲੂ ਅਧਾਰ 'ਤੇ ਕੀਤੀ ਜਾਂਦੀ ਹੈ** (1-ਵਿਅਕਤੀ ਵਾਲੇ ਪਰਿਵਾਰ ਵੀ ਅਰਜ਼ੀ ਦੇ ਸਕਦੇ ਹਨ)।

ਅਰਜ਼ੀ ਆਮਦਨ **ਅਤੇ ਸੰਪੱਤੀ ਦੇ ਟੈਸਟਾਂ ਦੇ ਅਧੀਨ ਹੈ।**

ਪਰਿਵਾਰਾਂ ਨੂੰ ਕੰਮ **ਦੇ ਸਮੇਂ ਦੀਆਂ ਲੋੜਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ** (ਗੈਰ-ਏਕਲ-ਮਾਪਿਆਂ ਵਾਲੇ ਪਰਿਵਾਰਾਂ ਲਈ ਘੱਟੋ-ਘੱਟ 144 ਘੰਟੇ ਪ੍ਰਤੀ ਮਹੀਨਾ ਅਤੇ ਏਕਲ-ਮਾਪਿਆਂ ਵਾਲੇ ਪਰਿਵਾਰਾਂ ਲਈ 36 ਘੰਟੇ ਪ੍ਰਤੀ ਮਹੀਨਾ [1])।

ਘਰ ਦੇ ਸਾਰੇ ਸਦੱਸਾਂ ਦੇ ਕੰਮ ਦੇ ਘੰਟੇ ਇਕੱਠੇ ਕੀਤੇ ਜਾਂਦੇ ਹਨ। ਬਿਨੈਕਾਰ ਅਤੇ ਉਸਦੇ ਪਰਿਵਾਰਕ ਮੈਂਬਰ ਇੱਕੋ ਮਹੀਨੇ ਦੇ ਅੰਦਰ ਇੱਕ ਤੋਂ ਵੱਧ ਕੰਮ ਦੇ ਕੰਮਕਾਜੀ ਘੰਟਿਆਂ ਦੀ ਰਿਪੋਰਟ ਕਰ ਸਕਦੇ ਹਨ [2] ।

ਹਰੇਕ ਯੋਗ ਬੱਚਾ,ਜਿਸਦੀ ਉਮਰ 15 ਸਾਲ ਤੋਂ ਘੱਟ ਹੈ ਜਾਂ 15 ਤੋਂ 21 ਸਾਲ ਦੇ ਵਿਚਕਾਰ ਹੈ, ਤੇ ਫੁੱਲ-ਟਾਈਮ ਗੈਰ-ਪੋਸਟ-ਸੈਕੰਡਰੀ ਸਿੱਖਿਆ ਪ੍ਰਾਪਤ ਕਰ ਰਿਹਾ ਹੈ, ਨੂੰ **ਬਾਲ ਭੱਤਾ** ਦਿੱਤਾ ਜਾਵੇਗਾ।

ਹਰ **ਛੇ ਮਹੀਨੇ** ਦੀ ਮਿਆਦ ਵਿੱਚ ਇੱਕ ਵਾਰ ਅਰਜ਼ੀ ਦਿਓ।

ਭੱਤੇ ਦੀ ਗਣਨਾ ਕੈਲੰਡਰ-ਮਹੀਨੇ ਦੇ ਆਧਾਰ 'ਤੇ ਪਰਿਵਾਰ ਦੀ ਆਮਦਨ ਅਤੇ ਮਹੀਨੇ ਦੇ ਕੁੱਲ ਕੰਮਕਾਜੀ ਘੰਟਿਆਂ ਦੇ ਆਧਾਰ 'ਤੇ ਕੀਤੀ ਜਾਂਦੀ ਹੈ।

ਵਿਆਪਕ ਸਮਾਜਿਕ ਸੁਰੱਖਿਆ ਸਹਾਇਤਾ (CSSA) ਉਸੇ ਮਹੀਨੇ ਵਿੱਚ WFA ਨਾਲ ਇੱਕੋ ਸਮੇਂ ਪ੍ਰਾਪਤ ਨਹੀਂ ਕੀਤੀ ਜਾ ਸਕਦੀ।

---

1 ਸਿੰਗਲ-ਪੇਰੈਂਟ ਪਰਿਵਾਰ ਉਹਨਾਂ ਪਰਿਵਾਰਾਂ ਨੂੰ ਦਰਸਾਉਂਦੇ ਹਨ ਜਿਨ੍ਹਾਂ ਵਿੱਚ ਕੰਮ ਕਰਨ ਵਾਲੇ ਸਿੰਗਲ-ਪੇਰੈਂਟ ਬਿਨੈਕਾਰ (ਇੱਕ ਸਰਪ੍ਰਸਤ ਸਮੇਤ) 15 ਸਾਲ ਤੋਂ ਘੱਟ ਉਮਰ ਦੇ ਘੱਟੋ-ਘੱਟ ਇੱਕ ਬੱਚੇ ਨਾਲ ਰਹਿੰਦਾ ਹੈ।

2 ਜਿੱਥੇ ਕੁੱਲ ਰਿਪੋਰਟ ਕੀਤੇ ਗਏ ਕੰਮ ਦੇ ਘੰਟੇ ਪਹਿਲਾਂ ਹੀ ਸਭ ਤੋਂ ਉੱਚੇ ਥ੍ਰੈਸ਼ਹੋਲਡ 'ਤੇ ਪਹੁੰਚ ਜਾਂਦੇ ਹਨ, ਬਿਨੈਕਾਰ ਹੋਰ ਨੌਕਰੀਆਂ ਦੇ ਕੰਮਕਾਜੀ ਘੰਟਿਆਂ ਦੀ ਰਿਪੋਰਟ ਨਾ ਕਰਨ ਦੀ ਚੋਣ ਕਰ ਸਕਦਾ ਹੈ, ਪਰ ਫਿਰ ਵੀ ਆਮਦਨ ਟੈਸਟ ਦੇ ਉਦੇਸ਼ ਲਈ ਵੱਖ-ਵੱਖ ਨੌਕਰੀਆਂ ਤੋਂ ਪ੍ਰਾਪਤ ਸਾਰੀ ਆਮਦਨ ਦੀ ਰਿਪੋਰਟ ਕਰਨ ਦੀ ਲੋੜ ਹੁੰਦੀ ਹੈ।



# ਯੋਗਤਾ ਮਾਪਦੰਡ ਦੇ ਵੇਰਵੇ

## ਕਾਰਜ ਸਮੇਂ ਦੀਆਂ ਲੋੜਾਂ

ਪਰਿਵਾਰ ਦੇ ਕੁੱਲ ਕੰਮਕਾਜੀ ਘੰਟਿਆਂ ਦੀ ਗਿਣਤੀ 'ਤੇ ਨਿਰਭਰ ਕਰਦੇ ਹੋਏ, ਯੋਗ ਪਰਿਵਾਰ ਨੂੰ ਬੇਸਿਕ ਭੱਤਾ, ਮੱਧਮ ਭੱਤਾ ਜਾਂ ਉੱਚ ਭੱਤਾ ਦਿੱਤਾ ਜਾਂਦਾ ਹੈ।

| ਭੱਤਿਆਂ ਦੀ ਕਿਸਮ | ਮਹੀਨਾਵਾਰ ਕਾਰਜ ਸਮੇਂ ਦੀਆਂ ਲੋੜਾਂ |
|---|---|
| ਬੇਸਿਕ ਭੱਤਾ | ਗੈਰ-ਏਕਲ ਮਾਪਿਆਂ ਵਾਲਾ ਪਰਿਵਾਰ:144 ਤੋਂ ਲੈਕੇ 168 ਤੋਂ ਘੱਟ<br>ਏਕਲ- ਮਾਪੇ ਪਰਿਵਾਰ : 36 ਤੋਂ ਲੈਕੇ 54 ਤੋਂ ਘੱਟ |
| ਮੱਧਮ ਭੱਤਾ | ਗੈਰ-ਏਕਲ ਮਾਪਿਆਂ ਵਾਲਾ ਪਰਿਵਾਰ: 168 ਤੋਂ ਲੈਕੇ 192 ਤੋਂ ਘੱਟ<br>ਏਕਲ- ਮਾਪੇ ਪਰਿਵਾਰ : 54 ਤੋਂ ਲੈਕੇ 72 ਤੋਂ ਘੱਟ |
| ਉੱਚ ਭੱਤਾ | ਗੈਰ-ਏਕਲ ਮਾਪਿਆਂ ਵਾਲਾ ਪਰਿਵਾਰ:: 192 ਜਾਂ ਵੱਧ<br>ਏਕਲ- ਮਾਪੇ ਪਰਿਵਾਰ : 72 ਜਾਂ ਵੱਧ |

## ਪਰਿਵਾਰਾਂ ਦੀਆਂ ਸੰਪਤੀ ਸੀਮਾਵਾਂ

ਪਰਿਵਾਰ ਦੀ ਕੁੱਲ ਸੰਪਤੀ, ਸੰਪਤੀ ਸੀਮਾ ਤੋਂ ਵੱਧ ਨਹੀਂ ਹੋਣੀ ਚਾਹੀਦੀ, ਜੋ ਕਿ ਪਰਿਵਾਰ ਦੇ ਆਕਾਰ ਦੇ ਨਾਲ ਬਦਲਦੀ ਹੈ।

| ਪਰਿਵਾਰ ਦੇ ਸਦੱਸਾਂ ਦੀ ਗਿਣਤੀ | ਸੰਪਤੀ ਸੀਮਾਵਾਂ (ਅਪ੍ਰੈਲ 2024 ਤੋਂ ਮਾਰਚ 2025 ਤੱਕ ਦਾਅਵੇ ਦੇ ਮਹੀਨੇ) | ਸੰਪਤੀ ਸੀਮਾਵਾਂ (ਅਪ੍ਰੈਲ 2025 ਤੋਂ ਮਾਰਚ 2026 ਤੱਕ ਦਾਅਵੇ ਦੇ ਮਹੀਨੇ) |
|---|---|---|
| 1 ਵਿਅਕਤੀ | $286,000 | $291,000 |
| 2 ਵਿਅਕਤੀ | $387,000 | $394,000 |
| 3 ਵਿਅਕਤੀ | $505,000 | $514,000 |
| 4 ਵਿਅਕਤੀ | $590,000 | $600,000 |
| 5 ਵਿਅਕਤੀ | $655,000 | $666,000 |
| 6 ਵਿਅਕਤੀ | $709,000 | $721,000 |

6 ਤੋਂ ਵੱਧ ਵਿਅਕਤੀਆਂ ਵਾਲੇ ਪਰਿਵਾਰਾਂ ਲਈ ਸੰਪਤੀ ਸੀਮਾਵਾਂ wfa.gov.hk ਤੇ ਉਪਲੱਬਧ ਹਨ

# ਪਾਤਰਤਾ ਮਾਪਦੰਡ ਦੇ ਵੇਰਵੇ (ਜਾਰੀ)

## ਪਰਿਵਾਰਾਂ ਦੀਆਂ ਆਮਦਨੀ ਸੀਮਾਵਾਂ

ਪਰਿਵਾਰ ਦੀ ਕੁੱਲ ਆਮਦਨ, ਆਮਦਨ ਸੀਮਾ ਤੋਂ ਵੱਧ ਨਹੀਂ ਹੋਣੀ ਚਾਹੀਦੀ, ਜੋ ਕਿ ਪਰਿਵਾਰ ਦੇ ਆਕਾਰ ਦੇ ਨਾਲ ਬਦਲਦੀ ਹੈ।
ਪਰਿਵਾਰ ਦੀ ਆਮਦਨ ਦੇ ਅਨੁਸਾਰ, ਭੱਤਾ ਪੂਰੀ ਦਰ, 3/4 ਦਰ ਜਾਂ ਅੱਧੀ ਦਰ 'ਤੇ ਦਿੱਤਾ ਜਾਂਦਾ ਹੈ।

| ਪਰਿਵਾਰਕ ਮੈਂਬਰਾਂ ਦੀ ਗਿਣਤੀ | ਘਰੇਲੂ ਮਹੀਨਾਵਾਰ ਆਮਦਨ ਸੀਮਾਵਾਂ (ਅਪ੍ਰੈਲ 2024 ਤੋਂ ਮਾਰਚ 2025 ਤੱਕ ਦਾਅਵੇ ਦੇ ਮਹੀਨੇ) | | |
|---|---|---|---|
| | ਪੂਰੀ ਦਰ ਭੱਤੇ | 3/4-ਦਰ ਭੱਤੇ | ਅੱਧੇ-ਦਰ ਭੱਤੇ |
| 1 ਵਿਅਕਤੀ | $11,000 | $13,200 | $15,400 |
| 2 ਵਿਅਕਤੀ | $15,900 | $19,000 | $22,200 |
| 3 ਵਿਅਕਤੀ | $19,800 | $23,800 | $27,700 |
| 4 ਵਿਅਕਤੀ | $25,000 | $30,000 | $35,000 |
| 5 ਵਿਅਕਤੀ | $25,000 | $30,000 | $35,000 |
| 6 ਵਿਅਕਤੀ | $27,600 | $33,100 | $38,600 |

| ਪਰਿਵਾਰਕ ਮੈਂਬਰਾਂ ਦੀ ਗਿਣਤੀ | ਘਰੇਲੂ ਮਹੀਨਾਵਾਰ ਆਮਦਨ ਸੀਮਾਵਾਂ (ਅਪ੍ਰੈਲ 2025 ਤੋਂ ਮਾਰਚ 2026 ਤੱਕ ਦਾਅਵੇ ਦੇ ਮਹੀਨੇ) | | |
|---|---|---|---|
| | ਪੂਰੀ ਦਰ ਭੱਤੇ | 3/4-ਦਰ ਭੱਤੇ | ਅੱਧੇ-ਦਰ ਭੱਤੇ |
| 1 ਵਿਅਕਤੀ | $12,000 | $14,400 | $16,800 |
| 2 ਵਿਅਕਤੀ | $16,200 | $19,400 | $22,600 |
| 3 ਵਿਅਕਤੀ | $20,500 | $24,600 | $28,700 |
| 4 ਵਿਅਕਤੀ | $25,800 | $31,000 | $36,100 |
| 5 ਵਿਅਕਤੀ | $25,800 | $31,000 | $36,100 |
| 6 ਵਿਅਕਤੀ | $27,600 | $33,100 | $38,600 |

6 ਤੋਂ ਵੱਧ ਵਿਅਕਤੀਆਂ ਵਾਲੇ ਪਰਿਵਾਰਾਂ ਲਈ ਆਮਦਨੀ ਸੀਮਾਵਾਂ wfa.gov.hk ਉਪਲਬਧ ਹਨ।

# ਭੱਤਿਆਂ ਦੀ ਰਕਮ

| | ਪੂਰੀ ਦਰ ਭੱਤੇ | 3/4-ਦਰ ਭੱਤੇ | ਅੱਧੇ-ਦਰ ਭੱਤੇ |
|---|---|---|---|
| **ਹਰੇਕ ਪਰਿਵਾਰ ਲਈ ਮਹੀਨਾਵਾਰ ਭੱਤਾ** | | | |
| ਬੇਸਿਕ ਭੱਤਾ | $1,150 | $863 | $575 |
| ਮੱਧਮ ਭੱਤਾ | $1,380 | $1,035 | $690 |
| ਉੱਚ ਭੱਤਾ | $1,610 | $1,208 | $805 |
| **ਹਰੇਕ ਯੋਗ ਬੱਚੇ ਲਈ ਮਹੀਨਾਵਾਰ ਬਾਲ ਭੱਤਾ** | | | |
| ਬਾਲ ਭੱਤਾ | $1,610 | $1,208 | $805 |

## ਉਦਾਹਰਣਾਂ



### ਪਰਿਵਾਰ A

ਦੋ ਯੋਗ ਬੱਚਿਆਂ ਸਮੇਤ ਚਾਰ ਵਿਅਕਤੀ
ਪ੍ਰਤੀ ਮਹੀਨਾ ਕੰਮ ਦੇ ਕੁਲ ਘੰਟੇ: 192 ਘੰਟੇ
ਕੁੱਲ ਮਹੀਨਾਵਾਰ ਆਮਦਨ: $21,000
ਪ੍ਰਤੀ 6-ਮਹੀਨੇ ਦੀ ਮਿਆਦ ਲਈ ਪਰਿਵਾਰ ਲਈ ਕੁੱਲ ਭੱਤਾ:
[$1,610 (ਹਰੇਕ ਘਰ) + $1,610 (ਹਰ ਬੱਚੇ ਨੂੰ) x 2] x 6 = $28,980

### ਪਰਿਵਾਰ B

ਇੱਕ ਵਿਅਕਤੀ
ਪ੍ਰਤੀ ਮਹੀਨਾ ਕੰਮ ਦੇ ਕੁੱਲ ਘੰਟੇ: 180 ਘੰਟੇ
ਕੁੱਲ ਮਹੀਨਾਵਾਰ ਆਮਦਨ: $15,000
ਪ੍ਰਤੀ 6-ਮਹੀਨੇ ਦੀ ਮਿਆਦ ਲਈ ਪਰਿਵਾਰ ਲਈ ਕੁੱਲ ਭੱਤਾ:
$690 (ਹਰੇਕ ਘਰ) x 6 = $4,140

### ਪਰਿਵਾਰ C (ਏਕਲ-ਮਾਪਿਆਂ ਵਾਲਾ ਪਰਿਵਾਰ)

ਤਿੰਨ ਯੋਗ ਬੱਚਿਆਂ ਸਮੇਤ ਚਾਰ ਵਿਅਕਤੀ
ਪ੍ਰਤੀ ਮਹੀਨਾ ਕੁੱਲ ਕੰਮਕਾਜੀ ਘੰਟੇ: 80 ਘੰਟੇ
ਕੁੱਲ ਮਹੀਨਾਵਾਰ ਆਮਦਨ: $20,000
ਪ੍ਰਤੀ 6-ਮਹੀਨੇ ਦੀ ਮਿਆਦ ਲਈ ਪਰਿਵਾਰ ਲਈ ਕੁੱਲ ਭੱਤਾ:
[$1,610 (ਹਰੇਕ ਘਰ) + $1,610 (ਹਰ ਬੱਚੇ ਨੂੰ) x 3] x 6 = $38,640



ਬਿਨੈਕਾਰ WFA ਲਈ ਯੋਗਤਾ ਅਤੇ ਭੱਤੇ ਦੀ ਰਕਮ ਬਾਰੇ ਮੁਢਲੇ ਮੁਲਾਂਕਣ ਲਈ wfa.gov.hk 'ਤੇ WFA ਕੈਲਕੁਲੇਟਰ ਦੀ ਵਰਤੋਂ ਕਰ ਸਕਦੇ ਹਨ।

# ਧਿਆਨ ਦੇਣ ਯੋਗ ਨੁਕਤੇ

**ਕੰਮਕਾਜੀ ਘੰਟਿਆਂ** ਵਿੱਚ ਬਿਨੈਕਾਰ ਅਤੇ ਪਰਿਵਾਰ ਦੇ ਬਾਕੀ ਕੰਮਕਾਜੀ ਸਦੱਸਾਂ (ਰੁਜ਼ਗਾਰ ਜਾਂ ਸਵੈ-ਰੁਜ਼ਗਾਰ) ਦੇ ਸਵੇਤਨ ਕੰਮ ਦੇ ਘੰਟੇ (ਸਵੇਤਨ ਛੁੱਟੀਆਂ ਅਤੇ ਗੈਰਹਾਜ਼ਰੀ ਸਮੇਤ) ਸ਼ਾਮਲ ਹੁੰਦੇ ਹਨ।

**ਆਮਦਨ** ਵਿੱਚ ਹਾਂਗਕਾਂਗ ਦੇ ਅੰਦਰ ਅਤੇ ਬਾਹਰ ਪ੍ਰਾਪਤ ਉਜਰਤਾਂ (ਲਾਜ਼ਮੀ ਭਵਿੱਖ ਫੰਡ ਸਕੀਮਾਂ ਵਿੱਚ ਕਰਮਚਾਰੀਆਂ ਦੇ ਲਾਜ਼ਮੀ ਯੋਗਦਾਨ ਦੀ ਕਟੌਤੀ ਕਰਕੇ), ਪ੍ਰਦਾਨ ਕੀਤੀਆਂ ਸੇਵਾਵਾਂ ਲਈ ਪ੍ਰਾਪਤ ਫ਼ੀਸਾਂ, ਕਾਰੋਬਾਰ ਤੋਂ ਮੁਨਾਫ਼ਾ, ਕਿਰਾਏ ਦੀ ਆਮਦਨ, ਗੁਜ਼ਾਰਾ ਭੱਤਾ, ਮਹੀਨਾਵਾਰ ਪੈਨਸ਼ਨ, ਇੱਕੋ ਘਰ ਵਿੱਚ ਨਾ ਰਹਿਣ ਵਾਲੇ ਰਿਸ਼ਤੇਦਾਰਾਂ ਜਾਂ ਦੋਸਤਾਂ ਵੱਲੋਂ ਯੋਗਦਾਨ, ਸ਼ਾਮਿਲ ਹਨ।

**ਸੰਪਤੀਆਂ** ਵਿੱਚ ਹਾਂਗਕਾਂਗ ਦੇ ਅੰਦਰ ਤੇ ਬਾਹਰ ਜ਼ਮੀਨ, ਜ਼ਮੀਨੀ ਜਾਇਦਾਦਾਂ (ਸਵੈ-ਕਬਜੇ ਵਾਲੀਆਂ ਜਾਇਦਾਦਾਂ ਨੂੰ ਛੱਡ ਕੇ), ਵਾਹਨ/ਜਹਾਜ਼, ਟੈਕਸੀ/ਜਨਤਕ ਲਾਈਟ ਬੱਸ ਲਾਇਸੈਂਸ, ਨਿਵੇਸ਼, ਸ਼ੇਅਰ/ਵਪਾਰਕ ਅਦਾਰੇ, ਬੈਂਕ ਡਿਪਾਜ਼ਿਟ/ਨਕਦ, ਬੀਮਾ ਪਾਲਿਸੀਆਂ ਦਾ ਨਕਦ ਮੁੱਲ, ਸਟਾਕ, ਸੱਟੇਬਾਜ਼ੀ ਖਾਤੇ ਦਾ ਬਕਾਇਆ, ਗੈਰ-ਸਵੈ-ਕਬਜ਼ੇ ਵਾਲੀਆਂ ਸੰਪਤੀਆਂ, ਪਾਰਕਿੰਗ ਜਗ੍ਹਾਵਾਂ, ਨਾ ਵਸੂਲੇ ਗਏ ਕਰਜ਼, ਸੋਨੇ ਦੀਆਂ ਇੱਟਾਂ, ਆਦਿ ਸ਼ਾਮਿਲ ਹਨ।

ਇੱਕ ਪਰਿਵਾਰ ਆਮ ਤੌਰ 'ਤੇ ਇੱਕ ਇਕਾਈ ਨੂੰ ਦਰਸਾਉਂਦਾ ਹੈ ਜਿਸ ਵਿੱਚ ਮੌਜੂਦ ਵਿਅਕਤੀਆਂ ਦੇ ਨਜ਼ਦੀਕੀ ਆਰਥਿਕ ਸਬੰਧ ਹੋਣ ਅਤੇ ਉਹ ਇੱਕੋ ਥਾਂ 'ਤੇ ਰਹਿੰਦੇ ਹੋਣ (ਹਾਂਗਕਾਂਗ ਵਿੱਚ)। ਸਦੱਸ ਹਾਂਗਕਾਂਗ ਦੇ ਨਿਵਾਸੀ ਹੋਣੇ ਚਾਹੀਦੇ ਹਨ। ਆਮ ਤੌਰ 'ਤੇ, ਪਤੀ ਅਤੇ ਪਤਨੀ ਨੂੰ ਡਬਲਯੂ.ਐੱਫ.ਏ. ਸਕੀਮ ਦੇ ਤਹਿਤ ਇੱਕੋ ਪਰਿਵਾਰ ਦੇ ਸਦੱਸ ਵਜੋਂ ਲਿਆ ਜਾਂਦਾ ਹੈ, ਚਾਹੇ ਉਹ ਇੱਕੋ ਘਰ ਵਿੱਚ ਰਹਿੰਦੇ ਹੋਣ ਜਾਂ ਨਾ।

ਹਰੇਕ ਬਿਨੈ-ਪੱਤਰ, ਬਿਨੈ-ਪੱਤਰ ਜਮ੍ਹਾਂ ਕਰਨ ਤੋਂ ਪਹਿਲਾਂ ਦੇ ਪਿਛਲੇ ਛੇ ਕੈਲੰਡਰ ਮਹੀਨਿਆਂ ਦੀ ਕਲੇਮ ਮਿਆਦ ਨੂੰ ਕਵਰ ਕਰਦਾ ਹੈ। ਇੱਕ ਯੋਗ ਪਰਿਵਾਰ ਨੂੰ ਹਰ ਛੇ ਕੈਲੰਡਰ-ਮਹੀਨੇ ਦੇ ਦਾਅਵੇ ਦੀ ਮਿਆਦ ਲਈ ਇੱਕ ਬਿਨੈ-ਪੱਤਰ ਜਮ੍ਹਾਂ ਕਰਾਉਣਾ ਪੈਂਦਾ ਹੈ। **ਦਾਅਵੇ ਦੀ ਮਿਆਦ ਓਵਰਲੈਪ ਨਹੀਂ ਹੋ ਸਕਦੀ।**

# ਇੱਕ ਅਰਜ਼ੀ ਬਣਾਉਣਾ

### ਆਨਲਾਈਨ ਅਪਲਾਈ ਕਰੋ:

wfa.gov.hk/esub



- ਡਾਕ ਅਤੇ ਫੋਟੋਕਾਪੀ 'ਤੇ ਪੈਸੇ ਦੀ ਬਚਤ ਕਰੋ
- ਸਹਾਇਕ ਦਸਤਾਵੇਜ਼ ਜਮ੍ਹਾਂ ਕਰਨਾ ਅਸਾਨ ਹੈ
- ਤੁਸੀਂ ਐਪਲੀਕੇਸ਼ਨ ਦੀ ਪ੍ਰਗਤੀ ਦੀ ਜਾਂਚ ਕਰ ਸਕਦੇ ਹੋ ਅਤੇ ਆਪਣੀ ਜਾਣਕਾਰੀ ਨੂੰ ਕਿਸੇ ਵੀ ਸਮੇਂ ਅਤੇ ਕਿਤੇ ਵੀ ਅਪਡੇਟ ਕਰ ਸਕਦੇ ਹੋ

### ਨੂੰ ਡਾਕ ਰਾਹੀਂ:

PO Box No. 62600 Kwun Tong Post Office

( Working Family Allowance Office (WFAO)
of the Working Family and Student Financial Assistance Agency (WFSFAA) )

### ਹੇਠਾਂ ਦਿੱਤੇ ਸਥਾਨਾਂ 'ਤੇ ਡ੍ਰੌਪ-ਇਨ ਬਾਕਸ ਦੀ ਵਰਤੋਂ ਕਰਨਾ:

- WFSFAA ਦੇ WFAO
- WFSFAA ਦਾ ਸਟੂਡੈਂਟ ਫਾਈਨੈਂਸ ਆਫ਼ਿਸ
- ਕਿਰਤ ਵਿਭਾਗ ਦੇ ਨੌਕਰੀ ਕੇਂਦਰ
- ਸਮਾਜ ਭਲਾਈ ਵਿਭਾਗ ਦੇ ਜ਼ਿਲ੍ਹਾ ਸਮਾਜ ਭਲਾਈ ਦਫ਼ਤਰ

**ਬਿਨੈਪੱਤਰ ਦਸਤਾਵੇਜ਼ ਹੇਠਾਂ ਦਿੱਤੇ ਅਨੁਸਾਰ ਉਪਲਬਧ ਹਨ:**

- WFA' ਦੀ ਵੈੱਬਸਾਈਟ (www.wfsfaa.gov.hk/en/wfao/wfas/forms.php)
- WFSFAA ਦੇ WFAO
- WFSFAA ਦਾ ਸਟੂਡੈਂਟ ਫਾਈਨੈਂਸ ਆਫ਼ਿਸ
- ਕਿਰਤ ਵਿਭਾਗ ਦੇ ਨੌਕਰੀ ਕੇਂਦਰ ਅਤੇ ਉਦਯੋਗ-ਅਧਾਰਤ ਭਰਤੀ ਕੇਂਦਰ
- ਸਮਾਜ ਭਲਾਈ ਵਿਭਾਗ ਦੇ ਜ਼ਿਲ੍ਹਾ ਸਮਾਜ ਭਲਾਈ ਦਫ਼ਤਰ, ਸਮਾਜਿਕ ਸੁਰੱਖਿਆ ਖੇਤਰ ਇਕਾਈਆਂ ਅਤੇ ਏਕੀਕ੍ਰਿਤ ਪਰਿਵਾਰ ਸੇਵਾ ਕੇਂਦਰ
- ਗ੍ਰਹਿ ਮਾਮਲੇ ਵਿਭਾਗ ਦੇ ਗ੍ਰਹਿ ਮਾਮਲੇ ਜਾਂਚ ਕੇਂਦਰ

**ਅਰਜ਼ੀਆਂ ਦੀ ਸੂਚਨਾ**

ਬਿਨੈ-ਪੱਤਰ ਪ੍ਰਾਪਤ ਹੋਣ 'ਤੇ, WFAO ਦਸ ਦਿਨਾਂ ਦੇ ਅੰਦਰ ਬਿਨੈਕਾਰ ਨੂੰ SMS ਜਾਂ ਡਾਕ ਰਾਹੀਂ ਪ੍ਰਾਪਤੀ ਦੀ ਰਸੀਦ ਭੇਜੇਗਾ।

ਬਿਨੈਕਾਰਾਂ ਨੂੰ ਅਰਜ਼ੀ ਦੀ ਪੜਤਾਲ ਪੂਰੀ ਹੋਣ ਤੋਂ ਬਾਅਦ ਲਿਖਤੀ ਰੂਪ ਵਿੱਚ ਅਰਜ਼ੀ ਦੇ ਨਤੀਜਿਆਂ ਬਾਰੇ ਸੂਚਿਤ ਕੀਤਾ ਜਾਵੇਗਾ।

# ਦਸਤਾਵੇਜ਼ੀ ਸਬੂਤ ਦੀਆਂ ਉਦਾਹਰਣਾਂ

## ਕੰਮ ਦੇ ਘੰਟੇ

- ਰੁਜ਼ਗਾਰ ਇਕਰਾਰਨਾਮੇ
- ਹਾਜ਼ਰੀ ਰਿਕਾਰਡ
- ਮਾਲਕ ਵੱਲੋਂ ਕੰਮ ਦੇ ਘੰਟਿਆਂ ਦੇ ਪ੍ਰਮਾਣ ਪੱਤਰ

ਸੇਵਾਵਾਂ ਪ੍ਰਦਾਨ ਕਰਨ ਵਾਲੇ ਆਮ ਕਾਮਿਆਂ ਜਾਂ ਸਵੈ-ਰੁਜ਼ਗਾਰ ਵਾਲੇ ਵਿਅਕਤੀਆਂ ਲਈ ਜਿਨ੍ਹਾਂ ਨੂੰ ਕੰਮ ਦੇ ਘੰਟਿਆਂ ਜਾਂ ਕੰਮ ਤੋਂ ਆਮਦਨੀ ਦਾ ਦਸਤਾਵੇਜ਼ੀ ਸਬੂਤ ਪ੍ਰਦਾਨ ਕਰਨ ਵਿੱਚ ਵਿਵਹਾਰਕ ਮੁਸ਼ਕਲ ਹੈ, ਉਹ WFAO ਦੇ ਵਿਚਾਰ ਲਈ WFA ਦੀ ਵੈੱਬਸਾਈਟ 'ਤੇ ਉਪਲਬਧ ਬਿਆਨ (WFA007B) ਨੂੰ ਭਰ ਸਕਦੇ ਹਨ।



## ਘਰੇਲੂ ਆਮਦਨ

- ਪੇ ਸਲਿੱਪਾਂ
- ਤਨਖਾਹ ਦੀਆਂ ਰਸੀਦਾਂ
- ਰੁਜ਼ਗਾਰ ਇਕਰਾਰਨਾਮੇ
- ਬੈਂਕ ਸਟੇਟਮੈਂਟ ਜਾਂ ਪਾਸਬੁੱਕ
- ਰੁਜ਼ਗਾਰਦਾਤਾ ਵੱਲੋਂ ਆਮਦਨੀ ਦੇ ਪ੍ਰਮਾਣ ਪੱਤਰ

## ਘਰੇਲੂ ਸੰਪਤੀਆਂ

- ਬੈਂਕ ਸਟੇਟਮੈਂਟ ਜਾਂ ਪਾਸਬੁੱਕ
- ਬੀਮਾ ਪਾਲਿਸੀ ਸਟੇਟਮੈਂਟਸ
- ਨਿਵੇਸ਼ ਸਟੇਟਮੈਂਟਸ
- ਵਾਹਨ ਜਾਂ ਜਹਾਜ਼ ਦੇ ਰਜਿਸਟ੍ਰੇਸ਼ਨ ਦਸਤਾਵੇਜ਼

## ਬਾਲ ਭੱਤਾ

- ਜਨਮ ਪ੍ਰਮਾਣ ਪੱਤਰ
- ਗੋਦ ਲੈਣ ਦਾ ਸਬੂਤ (ਗੋਦ ਲਏ ਬੱਚਿਆਂ ਲਈ)
- ਹਾਜ਼ਰੀ ਦਾ ਸਬੂਤ (15 ਤੋਂ 21 ਸਾਲ ਦੀ ਉਮਰ ਦੇ ਨੌਜਵਾਨ ਸਦੱਸਾਂ ਲਈ ਜੋ ਫੁੱਲ-ਟਾਈਮ ਗੈਰ-ਪੋਸਟ-ਸੈਕੰਡਰੀ ਸਿੱਖਿਆ ਪ੍ਰਾਪਤ ਕਰਦੇ ਹਨ)



## ਏਕਲ-ਮਾਪੇ ਸਥਿਤੀ

- ਇਮੀਗ੍ਰੇਸ਼ਨ ਵਿਭਾਗ ਦੁਆਰਾ ਜਾਰੀ ਕੀਤੇ ਗਏ ਵਿਆਹ ਦੇ ਰਿਕਾਰਡ ਦੀ ਗੈਰਹਾਜ਼ਰੀ ਦਾ ਪ੍ਰਮਾਣ ਪੱਤਰ
- ਤਲਾਕ ਜਾਂ ਵੱਖ ਹੋਣ ਨਾਲ ਸਬੰਧਤ ਦਸਤਾਵੇਜ਼ੀ ਸਬੂਤ
- ਵਿਆਹ ਦਾ ਪ੍ਰਮਾਣ ਪੱਤਰ ਅਤੇ ਜੀਵਨ ਸਾਥੀ ਦੀ ਮੌਤ ਦਾ ਪ੍ਰਮਾਣ ਪੱਤਰ